# ਪ੍ਰੈੱਸ ਨੋਟ

ਔਟਵਾ, 21 ਮਾਰਚ 2013

## ਰੁਜ਼ਗਾਰ, ਤਰੱਕੀ ਅਤੇ ਲੰਮੇ ਸਮੇਂ ਲਈ ਖੁਸ਼ਹਾਲੀ ਨੂੰ ਕਨੇਡਾ ਦੀ 2013 ਦੀ ਆਰਥਿਕ ਕਾਰਵਾਈ ਯੋਜਨਾ ਵਿੱਚ ਚੋਟੀ ਦੀ ਤਰਜੀਹ

ਵਿੱਤ ਮੰਤਰੀ ਮਾਣਯੋਗ ਜਿੱਮ ਫਲੈਹਰਟੀ ਨੇ ਅੱਜ ਹਾਰਪਰ ਸਰਕਾਰ ਦੀ ਰੁਜ਼ਗਾਰਾਂ, ਤਰੱਕੀ ਅਤੇ ਕਨੇਡਾ ਦੀ ਲੰਮੇ ਸਮੇਂ ਦੀ ਖੁਸ਼ਹਾਲੀ ਲਈ 2013 ਦੀ ਆਰਥਿਕ ਕਾਰਵਾਈ ਦੀ ਯੋਜਨਾ (Economic Action Plan) ਦੇ ਅਗਲੇ ਪੜਾਅ ਦਾ ਖੁਲ੍ਹਾਸਾ ਕੀਤਾ। ਜਦੋਂਕਿ ਸਰਕਾਰ ਨੇ ਇਸ ਪਾਰਲੀਮਾਨੀ ਬੈਠਕ ਦੌਰਾਨ ਬਜਟ ਸੰਤੁਲਤ ਕਰਨ ਤੇ ਪੂਰੀ ਤਰ੍ਹਾਂ ਧਿਆਨ ਕੇਂਦ੍ਰਿਤ ਕੀਤਾ ਹੋਇਆ ਹੈ, ਆਰਥਿਕ ਕਾਰਵਾਈ ਦੀ ਯੋਜਨਾ ਬਾਕੀ ਗੱਲਾਂ ਦੇ ਨਾਲ-ਨਾਲ ਹੁਨਰਾਂ ਦੀ ਸਿਖਲਾਈ ਦੀ ਇੱਕ ਹਿੰਮਤੀ ਅਤੇ ਉੱਦਮਕਾਰੀ ਪਹਿਲਕਦਮੀ, ਕਨੇਡਾ ਦੇ ਇਤਿਹਾਸ ਵਿੱਚ ਸਭ ਤੋਂ ਵੱਡੀ ਅਤੇ ਲੰਮਾਂ ਸਮਾਂ ਚੱਲਣ ਵਾਲੀ ਬੁਨਿਆਦੀ ਢਾਂਚੇ ਦੀ ਯੋਜਨਾ, ਅਤੇ ਕਨੇਡਾ ਵਿੱਚ ਕਾਰਖਾਨੇਦਾਰੀ ਅਤੇ ਨਵੀਨਕਾਰੀ ਦੀ ਹਿਮਾਇਤ ਲਈ ਨਿੱਗਰ ਨਵੇਂ ਨਿਵੇਸ਼ ਲਿਆ ਰਹੀ ਹੈ।

ਕਨੇਡਾ ਦੀ ਆਰਥਿਕਤਾ ਭਾਵੇਂ ਰੁਜ਼ਗਾਰ ਸਿਰਜਣਾ ਅਤੇ ਸਹੀ-ਸਹੀ ਵਾਧਾ ਕਰਨਾ ਜਾਰੀ ਰੱਖ ਰਹੀ ਹੈ, ਫਿਰ ਵੀ ਸਾਨੂੰ ਸਾਡੀਆਂ ਸਰਹੱਦਾਂ ਤੋਂ ਬਾਹਰੋਂ, ਖਾਸ ਕਰ ਕੇ ਯੂਰੋ ਖੇਤਰ ਅਤੇ ਸਾਡੇ ਸਭ ਤੋਂ ਵੱਡੇ ਵਪਾਰਕ ਭਾਈਵਾਲ ਯੂਨਾਈਟਿਡ ਸਟੇਟਸ ਤੋਂ, ਨਿੱਗਰ ਖ਼ਤਰੇ ਪੇਸ਼ ਹਨ, ਮੰਤਰੀ ਫਲੈਹਰਟੀ ਨੇ ਕਿਹਾ। 2013 ਦੀ ਆਰਥਿਕ ਕਾਰਵਾਈ ਦੀ ਯੋਜਨਾ ਕਨੇਡਾ ਵਾਸੀਆਂ ਨੂੰ ਉਪਲਬਧ ਰੁਜ਼ਗਾਰਾਂ ਨਾਲ ਜੋੜਨ, ਬੁਨਿਆਦੀ ਢਾਂਚੇ ਲਈ ਲੰਮੇ ਸਮੇਂ ਦੀ ਪੇਸ਼ੀਨਗੋਈ ਕੀਤੇ ਜਾ ਸਕਣ ਵਾਲੇ ਧਨ ਦੇ ਨਿਵੇਸ਼, ਅਤੇ ਕਾਰਖਾਨੇਦਾਰੀ ਅਤੇ ਅਹਿਮ ਖੋਜ-ਅਧਿਐਨਾਂ ਵਿੱਚ ਨਿੱਗਰ ਨਿਵੇਸ਼ ਕਰਨ ਵਿੱਚ ਪਹਿਲੇ ਸਾਲਾਂ ਵਿੱਚ ਪਾਈ ਗਈ ਮਜਬੂਤ ਬੁਨਿਆਦ ਤੇ ਪਸਾਰਾ ਜਾਰੀ ਰੱਖ ਰਹੀ ਹੈ।

ਇਸ ਜ਼ੋਖਮ ਭਰੇ ਅਤੇ ਗ਼ੈਰ-ਯਕੀਨੀ ਵਾਲੇ ਆਲਮੀ ਆਰਥਿਕ ਮਾਹੌਲ ਵਿੱਚ ਕਨੇਡਾ ਦੀ 2013 ਦੀ ਆਰਥਿਕ ਕਾਰਵਾਈ ਦੀ ਯੋਜਨਾ ਅਜਿਹੀਆਂ ਪਹਿਲਕਦਮੀਆਂ ਤੇ ਧਿਆਨ ਦਿੰਦੀ ਹੈ ਜਿਹੜੀਆਂ ਕਨੇਡਾ ਦੇ ਵਿਅਕਤੀਆਂ, ਪਰਿਵਾਰਾਂ ਅਤੇ ਸੀਨੀਅਰਾਂ ਦਾ ਜੀਵਨ ਮਿਆਰ ਅਤੇ ਕਾਰੋਬਾਰਾਂ ਦੇ ਹਾਲਾਤ, ਦੋਵਾਂ ਨੂੰ ਸੁਧਾਰਦੀਆਂ ਹਨ।

### ਕਨੇਡਾ ਜੌਬ ਗਰਾਂਟ

ਇਸ ਵੇਲੇ ਕਨੇਡਾ ਵਿਚਲੀ ਸਿਖਲਾਈ ਰੁਜ਼ਗਾਰਦਾਤਾਵਾਂ ਨੂੰ ਲੋੜੀਂਦੇ ਹੁਨਰਾਂ ਜਾਂ ਅਸਲ ਵਿੱਚ ਉਪਲਬਧ ਨੌਕਰੀਆਂ ਨਾਲ ਮੇਲ ਨਹੀਂ ਖਾਂਦੀ। ਇਸਦਾ ਮਤਲਬ ਹੈ ਬੇਰੁਜ਼ਗਾਰੀ ਦੀ ਦਰ ਉੱਚੀ ਅਤੇ ਆਰਥਿਕ ਵਾਧੇ ਦੀ ਦਰ ਕਨੇਡਾ ਵਾਸੀਆਂ ਦੀ ਉਮੀਦ ਨਾਲੋਂ ਨੀਵੀਂ। ਰੁਜ਼ਗਾਰਦਾਤਾਵਾਂ ਦੀਆਂ ਲੋੜਾਂ ਨੂੰ ਕਨੇਡਾ ਵਾਸੀਆਂ ਨੂੰ ਮਿਲ ਰਹੀ ਸਿਖਲਾਈ ਨਾਲ ਮੇਲਣਾ ਇਸ ਰੁਝਾਨ ਨੂੰ ਮੋੜਾ ਪਾਉਣ ਵਿੱਚ ਮੁੱਖ ਗੱਲ ਹੈ। ਇਸੇ ਲਈ ਹੀ ਸਰਕਾਰ ਹਿੰਮਤੀ, ਨਵੀਨਕਾਰੀ ਕਦਮ ਚੁੱਕ ਰਹੀ ਹੈ ਅਤੇ ਨਵੀਂ ਕਨੇਡਾ ਜੌਬ ਗਰਾਂਟ (Canada Job Grant) ਲਿਆ ਰਹੀ ਹੈ।

ਕਨੇਡਾ ਜੌਬ ਗਰਾਂਟ ਉਹ ਢੰਗ ਬਦਲ ਦੇਵੇਗੀ ਜਿਸ ਨਾਲ ਕਨੇਡਾ ਦੇ ਲੋਕ ਸਿਖਲਾਈ ਹਾਸਲ ਕਰਦੇ ਹਨ। ਕਨੇਡਾ ਜੌਬ ਗਰਾਂਟ ਪ੍ਰਤੀ ਵਿਅਕਤੀ 15,000 ਇਹ ਗੱਲ ਪੱਕੀ ਕਰਨ ਲਈ ਪ੍ਰਦਾਨ ਕਰ ਸਕਦੀ ਹੈ ਕਿ ਕਨੇਡਾ ਵਾਸੀ ਉਹ ਹੁਨਰ ਹਾਸਲ ਕਰਨ ਜੋ ਰੁਜ਼ਗਾਰਦਾਤਾ ਚਾਹੁੰਦੇ ਹਨ। ਫੈਡਰਲ ਸਰਕਾਰ 5,000 ਤਕ ਦੇਵੇਗੀ ਅਤੇ ਇਸ ਦੇ ਬਰਾਬਰ ਦੀ ਰਕਮ ਹੀ ਸੂਬੇ/ਟੈਰੀਟੋਰੀ ਅਤੇ ਰੁਜ਼ਗਾਰਦਾਤਾ ਵੱਲੋਂ ਪਾਈ ਜਾਵੇਗੀ।

ਇਹ ਪਹਿਲੀ ਵਾਰੀ ਹੋਵੇਗਾ ਕਿ ਕਨੇਡਾ ਜੌਬ ਗਰਾਂਟ ਵੱਲੋਂ ਹੁਨਰਾਂ ਦੀ ਸਿਖਲਾਈ ਸਰਕਾਰੀ ਹੱਥਾਂ ਵਿੱਚੋਂ ਕੱਢਕੇ ਰੁਜ਼ਗਾਰਦਾਤਾਵਾਂ ਅਤੇ ਕੰਮ ਕਰਨ ਦੇ ਚਾਹਵਾਨ ਕਨੇਡਾ ਵਾਸੀਆਂ ਦੇ ਹੱਥਾਂ ਵਿੱਚ ਰੱਖੀ ਜਾਵੇਗੀ ਜਿੱਥੇ ਇਹ ਹੋਣੀ ਚਾਹੀਦੀ ਹੈ। ਰੁਜ਼ਗਾਰ ਲੱਭਣ ਵਾਲੇ ਬਾਕੀ ਥਾਵਾਂ ਦੇ ਨਾਲ-ਨਾਲ ਕਮਿਊਨਿਟੀ ਕਾਲਿਜਾਂ, ਕਰੀਅਰ ਕਾਲਜਾਂ, ਬਹੁਤਕਨੀਕੀ ਸੰਸਥਾਵਾਂ ਜਾਂ ਯੂਨੀਅਨਾਂ ਦੇ ਸਿਖਲਾਈ ਹਾਲਾਂ ਵਿੱਚ ਸਿਖਲਾਈ ਹਾਸਲ ਕਰਨਗੇ। ਕਨੇਡਾ ਜੌਬ ਗਰਾਂਟ ਨਾਲ ਲੱਖਾਂ ਹੀ ਕਨੇਡਾ ਵਾਸੀਆਂ ਨੂੰ ਲਾਭ ਪਹੁੰਚੇਗਾ। ਕਨੇਡਾ ਸਰਕਾਰ ਵੱਲੋਂ ਕਨੇਡਾ ਜੌਬ ਗਰਾਂਟ ਨੂੰ ਮੁੱਖ ਰੱਖਦਿਆਂ ਨਵੇਂ ਇਕਰਾਰਨਾਮਿਆਂ ਬਾਰੇ ਸੌਦੇਬਾਜ਼ੀਆਂ ਕੀਤੀਆਂ ਜਾਣਗੀਆਂ।

## ਇੱਕ ਨਵੀਂ ਬਿਲਡਿੰਗ ਕਨੇਡਾ ਯੋਜਨਾ

ਸੜ੍ਹਕਾਂ, ਪੁਲਾਂ, ਜਨਤਕ ਆਵਾਜਾਈ ਅਤੇ ਹੋਰ ਜਨਤਕ ਬੁਨਿਆਦੀ ਢਾਂਚੇ ਦੀ ਉਸਾਰੀ ਲਈ ਇੱਕ ਨਵੀਂ ਬਿਲਡਿੰਗ ਕਨੇਡਾ (Building Canada) ਯੋਜਨਾ ਰਾਹੀਂ ਸਰਕਾਰ ਬੁਨਿਆਦੀ ਢਾਂਚੇ ਲਈ ਲੰਮੇ ਸਮੇਂ ਲਈ ਪੇਸ਼ੀਨਗੋਈ ਕੀਤੇ ਜਾ ਸਕਣ ਵਾਲੇ ਨਿਵੇਸ਼ ਰਾਹੀਂ ਧਨ ਲਗਾ ਰਹੀ ਹੈ। ਨਵੇਂ ਨਿਵੇਸ਼ ਅਜਿਹੇ ਪ੍ਰਾਜੈਕਟਾਂ ਤੇ ਧਿਆਨ ਕੇਂਦ੍ਰਿਤ ਕਰਨਗੇ ਜਿਹੜੇ ਆਰਥਿਕ ਵਾਧੇ ਨੂੰ ਹੁਲਾਰਾ ਦੇਣ, ਅਤੇ ਜਿਹੜੇ ਜਨਤਕ-ਨਿਜੀ ਭਾਈਵਾਲੀਆਂ (ਪੀ. ਥ੍ਰੀਜ਼ ਜਾਂ P3s) ਵਰਗੀਆਂ ਨਵੀਨਕਾਰੀ ਵਿਧੀਆਂ ਦਾ ਲਾਹਾ ਲੈਣ ਲਈ ਤਿਆਰ ਕੀਤੇ ਗਏ ਹੋਣ।

ਨਵੀਂ ਬਿਲਡਿੰਗ ਕਨੇਡਾ ਯੋਜਨਾ ਕਨੇਡਾ ਦੇ ਇਤਿਹਾਸ ਵਿੱਚ ਸੂਬਾਈ, ਟੈਰੀਟੋਰੀਅਲ ਅਤੇ ਮਿਊਨਿਸਪਲ ਬੁਨਿਆਦੀ ਢਾਂਚਾ ਪ੍ਰਾਜੈਕਟਾਂ ਵਿੱਚ ਸਭ ਤੋਂ ਵੱਡਾ ਅਤੇ ਲੰਮਾ ਨਿਵੇਸ਼ ਹੈ – ਸੰਨ 2014-2015 ਤੋਂ ਲੈ ਕੇ 10 ਸਾਲਾਂ ਤੋਂ ਵਧੇਰੇ ਅਰਸੇ ਦੌਰਾਨ 47 ਬਿਲੀਅਨ ਦੀ ਨਵੀਂ ਫੰਡਿੰਗ ਸਮੇਤ 53 ਬਿਲੀਅਨ ਤੋਂ ਵੀ ਵਧੇਰੇ ਦਾ ਨਿਵੇਸ਼। ਧਨ ਤਿੰਨ ਮੁੱਖ ਫੰਡਾਂ ਰਾਹੀਂ ਪ੍ਰਦਾਨ ਕੀਤਾ ਜਾਵੇਗਾ:

- ਕਮਿਊਨਿਟੀ ਦੇ ਸੁਧਾਰ ਲਈ ਫੰਡ (***Community Improvement Fund***) ਜੋ ਗੈਸ ਟੈਕਸ ਫੰਡ (Gas Tax Fund) ਅਤੇ ਮਿਊਨਿਸਪੈਲਿਟੀਆਂ ਲਈ ਵਧਦੀ ਜਾਣ ਵਾਲੀ ਗੁਡਜ਼ ਐਂਡ ਸਰਵਿਸਿਜ਼ ਟੈਕਸ ਛੋਟ (Goods and Services Tax Rebate for Municipalities) ਤੋਂ ਬਣਦਾ ਹੈ, ਸੜ੍ਹਕਾਂ, ਜਨਤਕ ਆਵਾਜਾਈ ਅਤੇ ਮਨੋਰੰਜਕ ਸਹੂਲਤਾਂ ਅਤੇ ਹੋਰ ਸ਼ਹਿਰੀ ਬੁਨਿਆਦੀ ਢਾਂਚੇ ਲਈ ਮਿਊਨਿਸਪੈਲਿਟੀਆਂ ਨੂੰ $32 ਬਿਲੀਅਨ ਤੋਂ ਵੀ ਵਧੇਰੇ ਪ੍ਰਦਾਨ ਕਰੇਗਾ। ਗੈਸ ਟੈਕਸ ਦੀਆਂ ਅਦਾਇਗੀਆਂ ਨੂੰ 2014–2015 ਤੋਂ ਲੈ ਕੇ $100 ਮਿਲੀਅਨ ਦੀਆਂ ਕਿਸ਼ਤਾਂ ਵਿੱਚ ਹਰ ਸਾਲ 2 ਫੀ ਸਦੀ ਵਧਾਇਆ ਜਾਵੇਗਾ।
- ਨਵਾਂ ਬਿਲਡਿੰਗ ਕਨੇਡਾ ਫੰਡ ਮੁਲਕ ਭਰ ਵਿੱਚ ਕੌਮੀ, ਖੇਤਰੀ ਅਤੇ ਸਥਾਨਕ ਅਹਿਮੀਅਤ ਰੱਖਣ ਵਾਲੇ ਆਰਥਿਕ ਪ੍ਰਾਜੈਕਟਾਂ ਦੀ ਹਿਮਾਇਤ ਲਈ 14 ਬਿਲੀਅਨ ਪ੍ਰਦਾਨ ਕਰੇਗਾ।
- ਨਵਿਆਇਆ ਗਿਆ ਪੀ. ਥ੍ਰੀ ਕਨੇਡਾ ਫੰਡ (***P3 Canada Fund***) ਬੁਨਿਆਦੀ ਢਾਂਚੇ ਦੇ ਪ੍ਰਾਜੈਕਟਾਂ ਦੀ ਤੇਜ਼-ਰਫ਼ਤਾਰ ਉਸਾਰੀ ਦੀ ਹਿਮਾਇਤ ਅਤੇ ਜਨਤਕ-ਨਿਜੀ ਭਾਈਵਾਲੀਆਂ ਰਾਹੀਂ ਕਨੇਡੀਅਨ ਕਰਦਾਤਾਵਾਂ ਲਈ ਵਧੇਰੇ ਲਾਭ ਪ੍ਰਦਾਨ ਕਰਨ ਲਈ $1.25 ਬਿਲੀਅਨ ਪ੍ਰਦਾਨ ਕਰੇਗਾ।

ਬੁਨਿਆਦੀ ਢਾਂਚੇ ਦੇ ਵਰਤਮਾਨ ਪ੍ਰੋਗਰਾਮਾਂ ਤਹਿਤ 2014-15 ਅਤੇ ਉਸ ਤੋਂ ਬਾਅਦ ਤਕ ਲਈ ਸੂਬਿਆਂ, ਟੈਰੀਟੋਰੀਆਂ ਅਤੇ ਮਿਊਨਿਸਪੈਲਿਟੀਂ ਨੂੰ 6 ਬਿਲੀਅਨ ਡਾਲਰ ਵਧੀਕ ਦਿੱਤੇ ਜਾਣਗੇ। ਇਸ ਤੋਂ ਇਲਾਵਾ ਸਰਕਾਰ ਫਸਟ ਨੇਸ਼ਨਜ਼ ਲਈ ਬੁਨਿਆਦੀ ਢਾਂਚੇ ਅਤੇ ਫੈਡਰਲ ਬੁਨਿਆਦੀ ਢਾਂਚੇ ਦੇ ਅਸਾਸਿਆਂ ਵਿੱਚ ਵੀ ਨਿੱਗਰ ਨਿਵੇਸ਼ ਕਰੇਗੀ। ਸਮੁੱਚੇ ਤੌਰ ਤੇ ਫੈਡਰਲ ਬੁਨਿਆਦੀ ਢਾਂਚਾ ਵਿਸ਼ਵ-ਪੱਧਰੀ ਅਤੇ ਆਉਣ ਵਾਲੇ ਅਨੇਕਾਂ ਸਾਲ ਰੁਜ਼ਗਾਰ-ਸਿਰਜਣ, ਆਰਥਿਕ ਵਾਧੇ ਅਤੇ ਉਤਪਾਦਕਤਾ ਵਿੱਚ ਯੋਗਦਾਨ ਪਾਉਣ ਵਾਲਾ ਹੈ।

## ਕਾਮਯਾਬ ਹੋਣ ਅਤੇ ਰੁਜ਼ਗਾਰ ਸਿਰਜਣ ਵਿੱਚ ਕਨੇਡਾ ਦੇ ਕਾਰੋਬਾਰਾਂ ਦੀ ਮਦਦ ਕਰਨਾ

ਮਸ਼ੀਨਰੀ ਅਤੇ ਸਾਜ਼ੋ-ਸਾਮਾਨ ਵਿੱਚ ਨਵੇਂ ਨਿਵੇਸ਼ ਬਦਲੇ ਮੂਲਧਨ ਖ਼ਰਚ ਵਿੱਚ ਆਰਜ਼ੀ ਤੇਜ਼-ਗਤੀ ਛੋਟ ਵਿੱਚ ਦੋ ਸਾਲ ਦੇ ਵਾਧੇ ਰਾਹੀਂ ਕਾਰਖਾਨੇਦਾਰਾਂ ਅਤੇ ਪ੍ਰਾਸੈੱਸਰਾਂ ਨੂੰ ਟੈਕਸ ਵਿੱਚ ਛੋਟ ਵਜੋਂ ਸਰਕਾਰ 1.4 ਬਿਲੀਅਨ ਦੇ ਰਹੀ ਹੈ। ਟੈਕਸ ਵਿੱਚ ਇਸ ਛੋਟ ਰਾਹੀਂ ਕਾਰਖਾਨੇਦਾਰੀ ਅਤੇ ਪ੍ਰਾਸੈੱਸਿੰਗ ਖੇਤਰ ਦੇ ਕਾਰੋਬਾਰੀ ਵਿਅਕਤੀ ਮਸ਼ੀਨਰੀ ਅਤੇ ਸਾਜ਼ੋ-ਸਾਮਾਨ ਵਿੱਚ ਵਧੀਕ ਨਿਵੇਸ਼ ਅਤੇ ਇਨ੍ਹਾਂ ਦੀ ਰਫ਼ਤਾਰ ਤੇਜ਼ ਕਰ ਸਕਣਗੇ ਜਿਸ ਨਾਲ ਉਨ੍ਹਾਂ ਦਾ ਕੰਮ-ਕਾਜ ਵਧੇਰੇ ਕੁਸ਼ਲ ਹੋਵੇਗਾ।

ਸਰਕਾਰ ਹੇਠ ਦਰਜ ਹੋਰ ਨਿਵੇਸ਼ ਵੀ ਕਰ ਰਹੀ ਹੈ:

- ਕਨੇਡੀਅਨ ਆਰਥਿਕਤਾ ਵਿੱਚ ਰੁਜ਼ਗਾਰ ਸਿਰਜਣ ਵਾਲਿਆਂ ਵਜੋਂ ਛੋਟੇ ਕਾਰੋਬਾਰਾਂ ਵੱਲੋਂ ਨਿਭਾਏ ਜਾਂਦੇ ਅਹਿਮ ਫਰਜ਼ ਨੂੰ ਮਾਨਤਾ ਵਜੋਂ ਭਰਤੀ ਬਦਲੇ ਛੋਟੇ ਕਾਰੋਬਾਰਾਂ ਨੂੰ ਦਿੱਤੇ ਜਾਣ ਵਾਲੇ ਆਰਜ਼ੀ ਕ੍ਰੈਡਿਟ

(Hiring Credit for Small Business) ਨੂੰ ਵਧਾਉਣ ਅਤੇ ਇਸ ਵਿੱਚ ਇੱਕ ਸਾਲ ਲਈ ਵਾਧਾ ਕਰਨ ਵਾਸਤੇ 225 ਮਿਲੀਅਨ ਕਰਨਾ।
ਛੋਟੇ ਕਾਰੋਬਾਰਾਂ ਦੇ ਮਾਲਕਾਂ, ਕਿਸਾਨਾਂ ਅਤੇ ਮਛਿਆਰਿਆਂ ਲਈ ਹਿਮਾਇਤ ਵਧਾਉਣ ਵਾਸਤੇ ਜ਼ਿੰਦਗੀ ਭਰ ਮੂਲਧਨ ਵਿੱਚ ਵਾਧੇ ਵਿਚਲੀ ਛੋਟ (Lifetime Capital Gains Exemption) ਨੂੰ ਵਧਾ ਕੇ ਸੰਨ 2014 ਵਿੱਚ $800,000 ਕਰਨਾ ਅਤੇ ਨਵੀਂ ਹੱਦ ਨੂੰ ਮੁਦਰਾ ਦੇ ਫੈਲਾਅ ਨਾਲ ਜੋੜਕੇ ਪੰਜਾਂ ਸਾਲਾਂ ਤੋਂ ਵੱਧ ਅਰਸੇ ਦੌਰਾਨ $110 ਮਿਲੀਅਨ ਕਰਨਾ।

- ਉੱਚੀ ਗੁੰਜਾਇਸ਼ ਵਾਲੇ ਸਿਰਮੌਰ ਇਨਕਿਊਬੇਟਰ ਅਤੇ ਐਕਸੈੱਲਰੇਟਰ ਅਦਾਰਿਆਂ ਨੂੰ ਉੱਦਮਕਰਮੀਆਂ ਤਕ ਆਪਣੀਆਂ ਸੇਵਾਵਾਂ ਪਸਾਰ ਸਕਣ ਵਿੱਚ ਮਦਦ ਲਈ ਪੰਜਾਂ ਸਾਲਾਂ ਤੋਂ ਵੱਧ ਅਰਸੇ ਦੌਰਾਨ 60 ਮਿਲੀਅਨ ਤਾਂ ਕਿ ਨਵੀਆਂ ਕੰਪਨੀਆਂ ਸ਼ੁਰੂ ਹੋ ਸਕਣ ਅਤੇ ਵਧ-ਫੁੱਲ ਸਕਣ।

ਇਸ ਦੇ ਇਲਾਵਾ 2013 ਦੀ ਆਰਥਿਕ ਕਾਰਵਾਈ ਦੀ ਯੋਜਨਾ ਆਲਮੀ ਆਰਥਿਕਤਾ ਵਿੱਚ ਕਾਰਖਾਨੇਦਾਰੀ ਖੇਤਰ ਨੂੰ ਕਾਮਯਾਬ ਹੋਣ ਵਿੱਚ ਮਦਦ ਦੇਣ ਕਦਮ ਚੁੱਕਦੀ ਹੈ ਜਿਨ੍ਹਾਂ ਵਿੱਚ ਦੱਖਣੀ ਓਨਟੇਰੀਓ ਲਈ ਫੈਡਰਲ ਆਰਥਿਕ ਵਿਕਾਸ ਅਦਾਰੇ (Federal Economic Development Agency for Southern Ontario) ਨੂੰ ਸੁਰਜੀਤ ਕਰਨ ਲਈ ਪੰਜ ਸਾਲ ਤੋਂ ਵਧੇਰੇ ਅਰਸੇ ਦੌਰਾਨ 920 ਮਿਲੀਅਨ ਪ੍ਰਦਾਨ ਕਰਨਾ, ਸਥਾਈ ਸਟ੍ਰੈਟੇਜਿਕ ਐਰੋਸਪੇਸ ਐਂਡ ਡੀਫੈਂਸ ਇਨੀਸ਼ੀਏਟਿਵ (Strategic Aerospace and Defence Initiative) ਲਈ ਪੰਜ ਸਾਲ ਤੋਂ ਵਧੇਰੇ ਅਰਸੇ ਦੌਰਾਨ 1 ਬਿਲੀਅਨ ਦੀ ਸਥਿਰ ਫੰਡਿੰਗ ਦੀ ਤਸਦੀਕ ਕਰਨਾ, ਅਤੇ 2014-15 ਤੋਂ ਲੈ ਕੇ ਦੋ ਸਾਲ ਤੋਂ ਵਧੇਰੇ ਅਰਸੇ ਦੌਰਾਨ ਜੰਗਲਾਤ ਵਿੱਚ ਨਵੀਨਕਾਰਤਾ ਅਤੇ ਮੰਡੀ ਦੇ ਵਿਕਾਸ ਦੀ ਜਾਰੀ ਹਿਮਾਇਤ ਵਜੋਂ 92 ਮਿਲੀਅਨ ਦਾ ਨਿਵੇਸ਼ ਕਰਨਾ ਸ਼ਾਮਲ ਹੈ।

ਕਨੇਡਾ ਦੀ 2013 ਦੀ ਆਰਥਿਕ ਕਾਰਵਾਈ ਦੀ ਯੋਜਨਾ ਖ਼ਰਚ ਕਾਬੂ ਹੇਠ ਰੱਖਣ ਅਤੇ ਬਜਟ ਨੂੰ 2015 ਤਕ ਸੰਤੁਲਤ ਕਰਨ ਵਾਸਤੇ ਸਰਕਾਰ ਨੂੰ ਲੀਹ ਤੇ ਚਲਦਾ ਰੱਖਣ ਲਈ ਘੱਟ-ਦਰ ਵਾਲੀ ਇੱਕ ਗਿਣੀ-ਮਿੱਥੀ ਯੋਜਨਾ ਹੈ। ਦਰਅਸਲ ਇਸ ਯੋਜਨਾ ਵਿੱਚ ਅਖ਼ਤਿਆਰੀ ਖ਼ਰਚ ਵਿੱਚ ਲਗਭਗ 20 ਸਾਲਾਂ ਦੌਰਾਨ ਸਭ ਤੋਂ ਛੋਟਾ ਵਾਧਾ ਹੈ।

ਗ਼ੈਰ-ਯਕੀਨੀ ਵਾਲੇ ਆਲਮੀ ਆਰਥਿਕ ਦੌਰ ਵਿੱਚ ਹੌਸਲਾ-ਅਫਜ਼ਾਈ ਅਤੇ ਮੁਲਕ ਵਿੱਚ ਵਿਕਾਸ ਪ੍ਰਤੀ ਕਿਸੇ ਸਰਕਾਰ ਵੱਲੋਂ ਪਾਇਆ ਜਾਣ ਵਾਲਾ ਸਭ ਤੋਂ ਅਹਿਮ ਯੋਗਦਾਨ ਇੱਕ ਠੋਸ ਵਿੱਤੀ ਹਾਲਤ ਕਾਇਮ ਰੱਖਣਾ ਹੈ, ਅਤੇ ਇਸੇ ਕਰ ਕੇ ਹੀ ਸੰਨ 2015 ਤਕ ਬਜਟ ਨੂੰ ਸੰਤੁਲਤ ਕਰਨਾ ਇੰਨ੍ਹਾ ਅਹਿਮ ਹੈ, ਮੰਤਰੀ ਫਲੈਹਰਟੀ ਨੇ ਕਿਹਾ। ਕਨੇਡਾ ਦੀ 2013 ਦੀ ਆਰਥਿਕ ਕਾਰਵਾਈ ਦੀ ਯੋਜਨਾ ਵਿੱਚ ਅਸੀਂ ਆਪਣਾ ਧਿਆਨ ਕਨੇਡਾ ਦੇ ਲੋਕਾਂ ਲਈ ਮਾਇਨੇ ਰੱਖਣ ਵਾਲੇ ਮੁੱਦਿਆਂ ਤੇ ਦਿੱਤਾ ਹੈ – ਰੁਜ਼ਗਾਰਾਂ ਅਤੇ ਆਰਥਿਕਤਾ ਦੇ ਵਿਕਾਸ ਉੱਤੇ, ਅਤੇ ਇਹ ਯਕੀਨੀ ਬਣਾਉਣ ਉੱਤੇ ਕਿ ਅੱਜ ਦੇ ਆਰਥਿਕ ਲਾਭ ਭਵਿੱਖ ਵਿੱਚ ਲੰਮੇ ਸਮੇਂ ਦੀ ਖੁਸ਼ਹਾਲੀ ਬਣ ਜਾਣ।

---

ਵਧੇਰੇ ਜਾਣਕਾਰੀ ਲਈ ਮੀਡੀਆ ਵਾਲੇ ਸੰਪਰਕ ਕਰ ਸਕਦੇ ਹਨ:


ਕੈਥਲੀਨ ਪਰਚਾਲੁੱਕ (Kathleen Perchaluk)
ਪ੍ਰੈੱਸ ਸੈਕਟਰੀ
ਵਿੱਤ ਮੰਤਰੀ ਦਾ ਦਫ਼ਤਰ
613-996-7861

ਜੈਕ ਔਬਰੀ (Jack Aubry)
ਮੀਡੀਆ ਰਿਲੇਸ਼ਨਜ਼
ਵਿੱਤ ਵਿਭਾਗ
613-996-8080


*ਸਾਰੇ ਪ੍ਰੈੱਸ ਨੋਟਾਂ ਦੀ ਈਮੇਲ ਸੂਚਨਾ ਹਾਸਲ ਕਰਨ ਲਈ ਕਿਰਪਾ ਕਰ ਕੇ www.fin.gc.ca/scripts/register-eng.asp ਵਿਖੇ ਨਾਮ ਦਰਜ ਕਰਾਓ।*